ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ
ਟੈਲੀਫੋਨ ਨੰ: 2600588, 2602912 (ਫੈਕਸ)

ਵੱਲ

1. ਸਮੂਹ ਉਪ ਮੰਡਲ ਮੈਜਿਸਟ੍ਰੇਟ,
ਪੰਜਾਬ ਰਾਜ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ,( ਸ )
ਪੰਜਾਬ ਰਾਜ।

ਮੀਮੋ ਨੰਬਰ ਸ-17/ 42 0/2-124
ਮਿਤੀ, ਚੰਡੀਗੜ੍ਹ 14-12-17

ਵਿਸ਼ਾ: ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਸਬੰਧੀ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀਜ਼/ਓ.ਬੀ.ਸੀਜ਼ ਸਕੀਮਾਂ ਅਧੀਨ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਸੈਂਕਸ਼ਨਿੰਗ ਅਥਾਰਟੀਆਂ ਪਾਸ 74000 ਦਰਖਾਸਤਾਂ, ਜੋ ਅਜੇ ਲਾਕ ਨਾ ਹੋਣ ਕਰਕੇ ਲਾਗੂਕਰਤਾ ਵਿਭਾਗਾਂ ਨੂੰ ਫਾਰਵਰਡ ਨਹੀਂ ਕੀਤੀਆਂ ਜਾ ਸਕੀਆਂ, ਉਹ ਦਰਖਾਸਤਾਂ ਦੋ ਦਿਨਾਂ ਦੇ ਅੰਦਰ-ਅੰਦਰ i.e. ਮਿਤੀ 16-12-2017 ਤੱਕ ਲਾਗੂਕਰਤਾ ਵਿਭਾਗਾਂ ਨੂੰ ਫਾਰਵਰਡ ਕੀਤੀਆਂ ਜਾਣਗੀਆਂ।

2. ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ 24000 ਦਰਖਾਸਤਾਂ ਸੈਂਕਸ਼ਨਿੰਗ ਅਥਾਰਟੀਆਂ ਪਾਸ ਪੈਡਿੰਗ ਸ਼ੋਅ ਹੋ ਰਹੀਆਂ ਹਨ, ਜਿਨ੍ਹਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਇਨ੍ਹਾਂ ਦਰਖਾਸਤਾਂ ਤੇ ਮਿਤੀ 18-12-2017 ਤੱਕ ਯੋਗ ਕਾਰਵਾਈ ਕਰਕੇ ਯੋਗ ਦਰਖਾਸਤਾਂ ਫਾਰਵਰਡ ਕੀਤੀਆਂ ਜਾਣ ਅਤੇ ਅਯੋਗ ਦਰਖਾਸਤਾਂ ਰਿਜੈਕਟ ਕੀਤੀਆਂ ਜਾਣ।

3. ਮਿਤੀ 30-10-2017 ਤੋਂ ਬਾਅਦ ਹੋਏ ਬੀ.ਐਡ, ਨਰਸਿੰਗ, ਈ.ਟੀ.ਟੀ. ਅਤੇ ਆਯੁਰਵੈਦਿਕ ਕੋਰਸਾਂ ਵਿੱਚ ਜਿਨ੍ਹਾਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਦਾਖਲੇ ਹੋਏ ਹਨ, ਸੈਂਕਸ਼ਨਿੰਗ ਅਥਾਰਿਟੀਆਂ ਇਨ੍ਹਾਂ ਐਪਲੀਕੇਸ਼ਨਾਂ ਨੂੰ ਮਿਤੀ 19.12.2017 ਅਤੇ 20.12.2017 ਤੱਕ ਸੈਂਕਸ਼ਨ ਕਰਕੇ ਮਿਤੀ 20.12.2017 ਨੂੰ ਰਾਤ 12.00 ਵਜੇ ਤੋਂ ਪਹਿਲਾਂ ਪਹਿਲਾਂ ਵਿਭਾਗੀ ਮੁੱਖੀ (ਲਾਗੂਕਰਤਾ ਵਿਭਾਗ) ਨੂੰ ਭੇਜਣਾ ਯਕੀਨੀ ਬਨਾਉਣਗੀਆਂ।

4. ਲਾਈਨ ਡਿਪਾਰਟਮੈਂਟ ਮਿਤੀ 22.12.2017 ਨੂੰ ਰਾਤ 12.00 ਵਜੇ ਤੋਂ ਪਹਿਲਾਂ ਪਹਿਲਾਂ ਹਰ ਹਾਲਤ ਵਿੱਚ ਸਾਰੀਆਂ ਐਪਲੀਕੇਸ਼ਨਾਂ ਨੂੰ ਡਾਇਰੈਕਟਰ ਭਲਾਈ ਨੂੰ ਫਾਰਵਰਡ ਕਰਨਾ ਯਕੀਨੀ ਬਨਾਉਣਗੇ ਕਿਉਂਕਿ ਮਿਤੀ 22.12.2017 ਨੂੰ ਰਾਤ 12.00 ਵਜੇ ਤੋਂ ਬਾਅਦ ਲਾਈਨ ਡਿਪਾਰਟਮੈਂਟ ਦਾ ਪੋਰਟਲ ਬੰਦ ਹੋ ਜਾਵੇਗਾ।

ਡਾਇਰੈਕਟਰ

ਪਿੱਠ ਅੰਕਣ ਨੰਬਰ ਸ-17/ 42125-234 ਮਿਤੀ, ਚੰਡੀਗੜ੍ਹ 14-12-17

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,(ਪੋਲੀ. ਅਤੇ ਇੰਜ. ਵਿੰਗ), ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,(ਆਈ.ਟੀ.ਆਈ ਵਿੰਗ), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ।
4. ਡੀ.ਪੀ.ਆਈ (ਕਾਲਜਾਂ), ਪੰਜਾਬ, ਐਸ.ਏ.ਐਸ.ਨਗਰ।
5. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਐਸ.ਏ.ਐਸ.ਨਗਰ।
6. ਡੀ.ਪੀ.ਆਈ (ਸੈ.ਸਿੱ), ਪੰਜਾਬ, ਐਸ.ਏ.ਐਸ.ਨਗਰ।
7. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਐਸ.ਏ.ਐਸ.ਨਗਰ।
8. ਸਟੇਟ ਇੰਨਫਰਮੈਟਿਕ ਅਫਸਰ, ਐਨ.ਆਈ.ਸੀ, ਪੰਜਾਬ ਸਟੇਟ ਯੂਨਿਟ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਮਿਤੀਆਂ ਨੂੰ ਡਾ.ਅੰਬੇਦਕਰ ਸਕਾਲਰਸ਼ਿਪ ਪੋਰਟਲ ਤੁਰੰਤ ਖੋਲ੍ਹਿਆ ਜਾਵੇ।
9. ਸਮੂਹ ਜਿਲ੍ਹਾ ਭਲਾਈ ਅਫਸਰ, ਪੰਜਾਬ ਰਾਜ।
10. ਸਮੂਹ ਤਹਿਸੀਲ ਭਲਾਈ ਅਫਸਰ, ਪੰਜਾਬ ਰਾਜ।
11. ਦਫਤਰੀ ਹੁਕਮਾਂ ਦੀ ਮਿਸਲ ਵਾਸਤੇ।

ਡਾਇਰੈਕਟਰ